## ਪਾਠ-11

## ਬਾਬਾ ਬੰਦਾ ਸਿੰਘ ਬਹਾਦਰ (ਲੇਖਕ-ਡਾ. ਕਰਨੈਲ ਸਿੰਘ ਸੋਮਲ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ਼ 'ਇੱਟ ਨਾਲ਼ ਇੱਟ ਖੜਕਾਉਣ ਵਾਲ਼ਾ' ਮੁਹਾਵਰਾ ਹਮੇਸ਼ਾਂ ਲਈ ਕਿਉਂ ਜੁੜ ਗਿਆ?**
ਉੱਤਰ : ਬਾਬਾ ਬੰਦਾ ਬਹਾਦਰ ਨੇ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੂੰ ਮਾਰ ਮੁਕਾਇਆ ਤੇ ਉਸ ਦੇ ਕਿਲੇ ਨੂੰ ਬੁਰੀ ਤਰ੍ਹਾਂ ਢਹਿ-ਢੇਰੀ ਕਰ ਦਿੱਤਾ। ਇਸ ਕਰਕੇ ਇੱਟ ਨਾਲ਼ ਇੱਟ ਖੜਕਾਉਣ ਦਾ ਮੁਹਾਵਰਾ ਬੰਦਾ ਬਹਾਦਰ ਨਾਲ਼ ਜੁੜ ਗਿਆ।

**ਪ੍ਰਸ਼ਨ ਅ. ਬੰਦਾ ਸਿੰਘ ਬਹਾਦਰ ਦੇ ਬਚਪਨ ਬਾਰੇ ਦੱਸੋ।**
ਉੱਤਰ : ਬਚਪਨ ਵਿਚ ਘਰ ਦੀ ਗ਼ਰੀਬੀ ਕਾਰਨ ਉਹ ਪੜ੍ਹਨ ਦੀ ਥਾਂ ਆਪਣੇ ਪਿਤਾ ਨਾਲ ਖੇਤੀ ਕਰਦਾ ਸੀ। ਵਿਹਲੇ ਸਮੇਂ ਉਹ ਸ਼ਿਕਾਰ ਖੇਡਦਾ। ਉਹ ਚੰਗਾ ਨਿਸ਼ਾਨੇਬਾਜ਼ ਸੀ ਤੇ ਤਲਵਾਰ ਤੇ ਹੋਰ ਸ਼ਸਤਰ ਚਲਾਉਣ ਦਾ ਵੀ ਅਭਿਆਸ ਕਰਦਾ ਸੀ।

**ਪ੍ਰਸ਼ਨ ੲ. ਉਹ ਕਿਹੜੀ ਘਟਨਾ ਸੀ , ਜਿਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਨੂੰ ਬਦਲ ਦਿੱਤਾ ਸੀ।**
ਉੱਤਰ : ਬੰਦਾ ਸਿੰਘ ਬਹਾਦਰ ਨੇ ਇਕ ਵਾਰ ਸ਼ਿਕਾਰ ਖੇਡਦਿਆਂ ਇਕ ਗਰਭਵਤੀ ਹਿਰਨੀ ਨੂੰ ਤੀਰ ਮਾਰਿਆ। ਉਸ ਦੇ ਛਾਣਨੀ ਹੋਏ ਪੇਟ ਵਿਚੋਂ ਨਿਕਲੇ ਦੋ ਬੱਚੇ ਵੀ ਉਸ ਦੀਆਂ ਅੱਖਾਂ ਸਾਹਮਣੇ ਦਮ ਤੋੜ ਗਏ। ਇਸ ਦੁਖਦਾਈ ਘਟਨਾ ਕਾਰਨ ਉਸ ਨੇ ਅੱਗੇ ਜੀਵ ਹੱਤਿਆ ਨਾ ਕਰਨ ਦਾ ਫ਼ੈਸਲਾ ਕੀਤਾ ਬੈਰਾਗੀ ਸਾਧੂ ਬਣ ਗਿਆ ।

**ਪ੍ਰਸ਼ਨ ਸ. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਅਨੁਸਾਰ ਕੁਰਬਾਨੀ ਦੇਣ ਲਈ ਬਾਬਾ ਬੰਦਾ ਸਿੰਘ ਬਹਾਦਰ ਦੇ ਤਿਆਰ ਹੋਣ ਦਾ ਕੀ ਕਾਰਨ ਸੀ ?**
ਉੱਤਰ : ਗੁਰੂ ਪਰਿਵਾਰ ਦੀਆਂ ਸ਼ਹੀਦੀਆਂ ਬਾਰੇ ਸੁਣ ਕੇ ਬਾਬਾ ਬੰਦਾ ਸਿੰਘ ਬਹਾਦਰ ਦਾ ਖ਼ੂਨ ਖੌਲ ਉੱਠਿਆ ਸੀ। ਉਸ ਨੇ ਸਰਹਿੰਦ ਦੇ ਨਵਾਬ ਤੋਂ ਬਦਲਾ ਲੈਣ ਲਈ ਕੁਰਬਾਨੀ ਦੇਣ ਦਾ ਮਨ ਬਣਾ ਲਿਆ

**ਪ੍ਰਸ਼ਨ ਹ. ਬਾਬਾ ਬੰਦਾ ਸਿੰਘ ਬਹਾਦਰ ਲੋਕਾਂ ਵਿਚ 'ਬਾਬਾ ਬੰਦਾ ਸਿੰਘ ਬਹਾਦਰ' ਦੇ ਨਾਂ ਨਾਲ ਕਿਉਂ ਪ੍ਰਸਿੱਧ ਹੋਇਆ?**
ਉੱਤਰ : ਬੰਦਾ ਬਹਾਦਰ ਵਲੋਂ ਮੁਗ਼ਲਾਂ ਨੂੰ ਥਾਂ-ਥਾਂ ਤੇ ਹਰਾਉਣ ਕਾਰਨ ਲੰਮੇ ਸਮੇਂ ਦੇ ਜਬਰ ਤੋਂ ਤੰਗ ਆਏ ਲੋਕਾਂ ਨੂੰ ਸੁੱਖ ਦਾ ਸਾਹ ਮਿਲਿਆ, ਇਸ ਕਾਰਨ ਉਹ ਲੋਕਾਂ ਵਿੱਚ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ।

**ਪ੍ਰਸ਼ਨ ਕ. ਪੰਜਾਬੀਆਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਹਰਮਨ-ਪਿਆਰਾ ਹੋਣ ਦਾ ਕੀ ਕਾਰਨ ਸੀ?**
ਉੱਤਰ - ਸਰਹਿੰਦ ਦੇ ਨਵਾਬ ਵਜ਼ੀਰ ਖਾਂ ਵਰਗੇ ਜ਼ਾਲਮ ਹਾਕਮਾਂ ਨੂੰ ਉਨ੍ਹਾਂ ਦੀਆਂ ਵਧੀਕੀਆਂ ਦੀ ਸਜ਼ਾ ਦੇਣ, ਇਨਸਾਫ਼-ਪਸੰਦ ਅਤੇ ਗ਼ਰੀਬਾਂ ਦਾ ਹਮਦਰਦ ਹੋਣ ਕਰਕੇ ਬੰਦਾ ਸਿੰਘ ਬਹਾਦਰ ਪੰਜਾਬੀਆਂ ਵਿਚ ਬਹੁਤ ਹਰਮਨ-ਪਿਆਰਾ ਹੋ ਗਿਆ।

**ਪ੍ਰਸ਼ਨ ਖ. ਬੰਦਾ ਸਿੰਘ ਬਹਾਦਰ ਨੂੰ ਕਿਵੇਂ ਸ਼ਹੀਦ ਕੀਤਾ ਗਿਆ ?**
ਉੱਤਰ : ਬੰਦਾ ਸਿੰਘ ਬਹਾਦਰ ਨੂੰ ਉਸ ਦੇ ਦੋ ਸੌ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਜਿੱਥੇ ਉਸ ਦੇ ਸਾਰੇ ਸਾਥੀਆਂ ਸਮੇਤ ਉਸ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ ਗਿਆ ।

**ਪ੍ਰਸ਼ਨ 8. ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਯਾਦਗਾਰਾਂ ਬਾਰੇ ਦੱਸੋ ।**
ਉੱਤਰ : ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਜੋਂ ਫ਼ਤਹਿਗੜ੍ਹ ਸਾਹਿਬ ਵਿਚ 'ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ', 'ਬੰਦਾ ਬਹਾਦਰ ਗੇਟ', ਚੱਪੜਚਿੜੀ ਵਿਚ 'ਫ਼ਤਹਿ ਬੁਰਜ' ਸੁਸ਼ੋਭਿਤ ਹੈ।









**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

## 2. ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ:

1. **ਇੱਟ ਨਾਲ਼ ਇੱਟ ਖੜਕਾਉਣਾ (ਢਹਿ-ਢੇਰੀ ਕਰ ਦੇਣਾ)-** ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ਼ ਇੱਟ ਖੜਕਾ ਦਿੱਤੀ।
2. **ਕਰਾਰੀ ਹਾਰ ਦੇਣਾ (ਹੌਂਸਲਾ ਢਾਹੁਣ ਵਾਲ਼ੀ ਹਾਰ ਦੇਣਾ)-** ਬੰਦਾ ਬਹਾਦਰ ਨੇ ਦੁਸ਼ਮਨਾਂ ਨੂੰ ਕਰਾਰੀ ਹਾਰ ਦਿੱਤੀ।
3. **ਖ਼ੂਨ ਖੌਲਣਾ (ਰੋਹ ਚੜ੍ਹਨਾ)-** ਮੁਗਲਾਂ ਦੇ ਜ਼ੁਲਮ ਬਾਰੇ ਜਾਣ ਕੇ ਬੰਦਾ ਬਹਾਦਰ ਦਾ ਖ਼ੂਨ ਖੌਲ ਉੱਠਿਆ।
4. **ਸਬਕ ਸਿਖਾਉਣਾ (ਮਜ਼ਾ ਚਖਾਉਣਾ)-** ਗੁਰੂ ਜੀ ਨੇ ਸਰਹਿੰਦ ਦੇ ਨਵਾਬ ਨੂੰ ਸਬਕ ਸਿਖਾਉਣ ਲਈ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵਲ ਭੇਜਿਆ।
5. **ਸੁੱਖ ਦਾ ਸਾਹ ਲੈਣਾ (ਅਰਾਮ ਮਿਲਣਾ )-** ਗਰਮੀ ਵਿਚ ਮੀਂਹ ਆਉਣ ਕਰਕੇ ਲੋਕਾਂ ਨੇ ਸੁੱਖ ਦਾ ਸਾਹ ਲਿਆ।
6. **ਤਸੀਹੇ ਦੇਣਾ (ਕਸ਼ਟ ਦੇਣਾ )-** ਮੁਗ਼ਲ ਸਰਕਾਰ ਨੇ ਬੰਦਾ ਸਿੰਘ ਬਹਾਦਰ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ।

## 3. ਪੜ੍ਹੋ , ਸਮਝੋ ਤੇ ਲਿਖੋ :

| | | |
|---|---|---|
| ਛੋਟਾ | : | ਛੋਟੀ |
| ਵੱਡਾ | : | ਵੱਡੀ |
| ਪਿਤਾ | : | ਮਾਤਾ |
| ਹਿਰਨੀ | : | ਹਿਰਨ |
| ਸਿੰਘ | : | ਕੌਰ/ਸਿੰਘਣੀ |

## 4. ਵਿਆਕਰਨ :

**ਕਾਲ ਤੋਂ ਭਾਵ ਹੈ, ਸਮਾਂ। ਸਮੇਂ ਅਨੁਸਾਰ ਬਦਲ ਕੇ ਕਿਰਿਆ ਜਿਹੜੇ ਰੂਪ ਧਾਰਨ ਕਰਦੀ ਹੈ, ਉਸ ਨੂੰ 'ਕਾਲ' ਕਿਹਾ ਜਾਂਦਾ ਹੈ।**

ਜਿਵੇਂ :-

- ਅਸੀਂ ਬੰਦਾ ਸਿੰਘ ਬਹਾਦਰ ਦੀ ਜੀਵਨੀ ਬਾਰੇ **ਪੜ੍ਹਦੇ ਹਾਂ**।
- ਅਸੀਂ ਬੰਦਾ ਸਿੰਘ ਬਹਾਦਰ ਦੀ ਜੀਵਨੀ ਬਾਰੇ **ਪੜ੍ਹਿਆ**।
- ਅਸੀਂ ਬੰਦਾ ਸਿੰਘ ਬਹਾਦਰ ਦੀ ਜੀਵਨੀ ਬਾਰੇ **ਪੜ੍ਹਾਂਗੇ**।

**ਕਾਲ ਦੀਆਂ ਤਿੰਨ ਕਿਸਮਾਂ ਹਨ।**

**ਕਾਲ**

**ਭੂਤਕਾਲ** | **ਵਰਤਮਾਨ ਕਾਲ** | **ਭਵਿੱਖਤ ਕਾਲ**

1. **ਭੂਤਕਾਲ** : ਵਾਕ ਵਿਚ ਜਿਹੜੀ ਕਿਰਿਆ ਬੀਤ ਚੁੱਕੇ ਸਮੇਂ ਦਾ ਗਿਆਨ ਕਰਾਉਂਦੀ ਹੈ, ਉਹ ਭੂਤਕਾਲ ਵਿਚ ਹੁੰਦੀ ਹੈ; ਜਿਵੇਂ :- ਬਾਬਾ ਸਿੰਘ ਬੰਦਾ ਬਹਾਦਰ ਕੌਣ **ਸੀ**?
2. **ਵਰਤਮਾਨ ਕਾਲ :** ਵਾਕ ਵਿਚ ਜਿਹੜੀ ਕਿਰਿਆ ਚਲ ਰਹੇ ਸਮੇਂ ਦਾ ਗਿਆਨ ਕਰਾਉਂਦੀ ਹੈ, ਉਹ ਵਰਤਮਾਨ ਕਾਲ ਵਿਚ ਹੁੰਦੀ ਹੈ; ਜਿਵੇਂ :- ਅਸੀਂ ਬੰਦਾ ਬਹਾਦਰ ਪਾਠ ਪੜ੍ਹ **ਰਹੇ ਹਾਂ**।
3. **ਭਵਿੱਖਤ ਕਾਲ :** ਵਾਕ ਵਿਚ ਜਿਹੜੀ ਕਿਰਿਆ ਆਉਣ ਵਾਲੇ ਸਮੇਂ ਦਾ ਗਿਆਨ ਕਰਾਉਂਦੀ ਹੈ, ਉਹ ਭਵਿੱਖਤ ਕਾਲ ਵਿਚ ਹੁੰਦੀ ਹੈ; ਜਿਵੇਂ :- ਜਲਦ ਸਾਡੇ ਸਕੂਲ ਖੁੱਲ੍ਹਣਗੇ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**